ਮਿੱਠੇ ਬੱਚੇ:- "ਮਿੱਠੇ ਬੱਚੇ - ਹੁਣ ਵਾਪਿਸ ਜਾਣਾ ਹੈ ਇਸਲਈ ਪੁਰਾਣੀ ਦੇਹ ਅਤੇ ਪੁਰਾਣੀ ਦੁਨੀਆਂ ਤੋਂ ਉਪਰਾਮ ਬਣੋ, ਆਪਣੀ ਬੈਟਰੀ ਚਾਰਜ ਕਰਨ ਦੇ ਲਈ ਯੋਗ ਭੱਠੀ ਵਿੱਚ ਬੈਠੋ"

ਪ੍ਰਸ਼ਨ:- ਯੋਗ ਵਿੱਚ ਬਾਪ ਦੀ ਪੂਰੀ ਕਰੰਟ ਕਿੰਨਾ ਬੱਚਿਆਂ ਨੂੰ ਮਿਲਦੀ ਹੈ?

ਉੱਤਰ:- ਜਿਨ੍ਹਾਂ ਦੀ ਬੁੱਧੀ ਬਾਹਰ ਵਿੱਚ ਨਹੀਂ ਭਟਕਦੀ। ਆਪਣੇ ਨੂੰ ਆਤਮਾ ਸਮਝ ਬਾਪ ਦੀ ਯਾਦ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਬਾਪ ਦੀ ਕਰੰਟ ਮਿਲਦੀ ਹੈ। ਬਾਬਾ ਬੱਚਿਆਂ ਨੂੰ ਸਾਕਾਸ਼ ਦਿੰਦੇ ਹਨ। ਬੱਚਿਆਂ ਦਾ ਕੰਮ ਹੈ ਬਾਪ ਦੀ ਕਰੰਟ ਨੂੰ ਕੈਚ ਕਰਨਾ ਕਿਉਂਕਿ ਉਸ ਕਰੰਟ ਨਾਲ ਹੀ ਆਤਮਾ ਰੂਪੀ ਬੈਟਰੀ ਚਾਰਜ਼ ਹੋਵੇਗੀ, ਤਾਕਤ ਆਵੇਗੀ, ਵਿਕਰਮ ਵਿਨਾਸ਼ ਹੋਣਗੇ। ਇਸਨੂੰ ਹੀ ਯੋਗ ਅਗਨੀ ਕਿਹਾ ਜਾਂਦਾ ਹੈ, ਇਸਦਾ ਅਭਿਆਸ ਕਰਨਾ ਹੈ।

ਓਮ ਸ਼ਾਂਤੀ। ਭਗਵਾਨੁਵਾਚ। ਹੁਣ ਬੱਚਿਆਂ ਨੂੰ ਘਰ ਵੀ ਯਾਦ ਆਉਂਦਾ ਹੈ। ਬਾਪ ਤਾਂ ਘਰ ਦੀ ਅਤੇ ਰਾਜਧਾਨੀ ਦੀ ਗੱਲ ਹੀ ਸੁਨਾਉਣਗੇ ਅਤੇ ਬੱਚੇ ਵੀ ਇਨ੍ਹਾਂ ਗੱਲਾਂ ਨੂੰ ਸਮਝਦੇ ਹਨ ਕੀ ਸਾਡਾ ਆਤਮਾਵਾਂ ਦਾ ਘਰ ਕਿਹੜਾ ਹੈ? ਆਤਮਾ ਕੀ ਹੈ? ਇਹ ਵੀ ਚੰਗੀ ਤਰ੍ਹਾਂ ਸਮਝ ਗਏ ਹੋ ਕਿ ਬਾਬਾ ਆਕੇ ਸਾਨੂੰ ਪੜ੍ਹਾਉਂਦੇ ਹਨ। ਬਾਪ ਕਿਥੋਂ ਆਉਂਦੇ ਹਨ? ਪਰਮਧਾਮ ਤੋਂ। ਇਵੇਂ ਨਹੀਂ ਕਹਿਣਗੇ ਕਿ ਪਾਵਨ ਦੁਨੀਆਂ ਬਣਾਉਣ ਦੇ ਲਈ ਪਾਵਨ ਦੁਨੀਆਂ ਤੋਂ ਆਉਂਦੇ ਹਨ। ਨਹੀਂ, ਬਾਪ ਕਹਿੰਦੇ ਹਨ ਮੈਂ ਸਤਿਯੁੱਗੀ ਪਾਵਨ ਦੁਨੀਆਂ ਤੋਂ ਨਹੀਂ ਆਇਆ ਹਾਂ, ਮੈਂ ਤਾਂ ਘਰ ਤੋਂ ਆਇਆ ਹਾਂ। ਜਿਸ ਘਰ ਤੋਂ ਤੁਸੀਂ ਬੱਚੇ ਆਏ ਹੋ ਪਾਰਟ ਵਜਾਉਣ ਦੇ ਲਈ। ਮੈਂ ਵੀ ਡਰਾਮਾ ਪਲੈਨ ਅਨੁਸਾਰ ਹਰ 5 ਹਜ਼ਾਰ ਸਾਲ ਦੇ ਬਾਅਦ ਘਰ ਤੋਂ ਆਉਂਦਾ ਹਾਂ। ਮੈਂ ਰਹਿੰਦਾ ਹੀ ਘਰ ਵਿੱਚ, ਪਰਮਧਾਮ ਵਿੱਚ ਹਾਂ। ਬਾਪ ਸਮਝਾਉਂਦੇ ਵੀ ਇਵੇਂ ਹਨ ਜਿਵੇਂ ਬਾਪ ਸ਼ਹਿਰ ਤੋਂ ਆਏ ਹੋਣ। ਕਹਿੰਦੇ ਹਨ ਜਿਵੇ ਤੁਸੀਂ ਆਏ ਹੋ ਪਾਰਟ ਵਜਾਉਣ ਦੇ ਲਈ, ਅਸੀਂ ਵੀ ਓਥੋਂ ਹੀ ਆਏ ਹਾਂ ਪਾਰਟ ਵਜਾਉਣ ਦੇ ਲਈ, ਡਰਾਮਾ ਪਲੈਨ ਅਨੁਸਾਰ। ਮੈਂ ਨਾਲੇਜਫੁੱਲ ਹਾਂ। ਸਭ ਗੱਲਾਂ ਨੂੰ ਮੈਂ ਜਾਣਦਾ ਹਾਂ - ਡਰਾਮਾ ਪਲੈਨ ਅਨੁਸਾਰ।

ਕਲਪ-ਕਲਪ ਮੈਂ ਇਹ ਹੀ ਗੱਲ ਤੁਹਾਨੂੰ ਸੁਣਾਉਂਦਾ ਹਾਂ। ਜਦੋ ਤੁਸੀਂ ਕਾਮ ਚਿਤਾ ਤੇ ਚੜ੍ਹਕੇ ਕਾਲੇ, ਭਸਮ ਹੋ ਜਾਂਦੇ ਹਨ। ਅੱਗ ਵਿੱਚ ਮਨੁੱਖ ਕਾਲੇ ਹੋ ਜਾਂਦੇ ਹਨ ਨਾ। ਤੁਸੀਂ ਵੀ ਸਾਂਵਰੇ ਹੋ ਗਏ ਹੋ। ਸਤੋਪ੍ਰਧਾਨ ਵਾਲੀ ਤਾਕਤ ਸਾਰੀ ਨਿਕਲ ਗਈ ਹੈ। ਆਤਮਾ ਦੀ ਬੈਟਰੀ ਇਵੇਂ ਨਾ ਹੋਵੇ ਜੋ ਇਕਦਮ ਡਿਸਚਾਰਜ ਹੋ ਜਾਵੇ ਅਤੇ ਮੋਟਰ ਖੜ੍ਹੀ ਹੋ ਜਾਵੇ। ਇਸ ਵੇਲੇ ਸਭ ਦੇ ਡਿਸਚਾਰਜ ਹੋਣ ਦਾ ਸਮਾਂ ਆ ਗਿਆ ਹੈ, ਇਸਲਈ ਬਾਪ ਕਹਿੰਦੇ ਹਨ ਡਰਾਮਾ ਅਨੁਸਾਰ ਮੈਂ ਆਉਂਦਾ ਹਾਂ ਜਿਹੜੇ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ ਹਨ ਉਨ੍ਹਾਂ ਦੀ ਬੈਟਰੀ ਚਾਰਜ਼ ਹੁੰਦੀ ਹੈ। ਤੁਹਾਡੀ ਬੈਟਰੀ ਵੀ ਚਾਰਜ਼ ਜਰੂਰ ਹੋਣੀ ਹੈ। ਇਵੇ ਨਹੀਂ ਕਿ ਸਿਰਫ਼ ਸਵੇਰੇ ਨੂੰ ਇਥੇ ਆ ਕੇ ਬੈਠਣ ਨਾਲ ਬੈਟਰੀ ਚਾਰਜ਼ ਹੋ ਸਕੇਗੀ। ਨਹੀਂ, ਬੈਟਰੀ ਚਾਰਜ਼ ਤਾਂ ਉੱਠਦੇ, ਬੈਠਦੇ, ਚਲਦੇ ਵੀ ਹੋ ਸਕਦੀ ਹੈ - ਯਾਦ ਵਿੱਚ ਰਹਿਣ ਨਾਲ। ਤੁਸੀਂ ਪਹਿਲਾਂ ਪਵਿੱਤਰ ਆਤਮਾ ਸਤੋਪ੍ਰਧਾਨ ਸੀ। ਸੱਚਾ ਸੋਨਾ, ਸੱਚਾ ਜੇਵਰ ਸੀ। ਹੁਣ ਤਮੋਪ੍ਰਧਾਨ ਹੋ ਗਏ ਹਨ। ਹੁਣ ਫਿਰ ਆਤਮਾ ਸਤੋਪ੍ਰਧਾਨ ਬਣਦੀ ਹੈ ਤਾਂ ਸ਼ਰੀਰ ਵੀ ਪਿਉਰ ਮਿਲੇਗਾ। ਇਹ ਬੜੀ ਸਹਿਜ ਹੋਣ ਦੇ ਲਈ ਭੱਠੀ ਹੈ, ਇਸਨੂੰ ਯੋਗ ਦੀ ਭੱਠੀ ਵੀ ਕਹਿ ਸਕਦੇ ਹਾਂ। ਸੋਨੇ ਨੂੰ ਵੀ ਭੱਠੀ ਵਿੱਚ ਪਾਉਂਦੇ ਹਨ। ਇਹ ਹੈ ਸੋਨੇ ਨੂੰ ਸ਼ੁੱਧ ਬਣਾਉਣ ਦੀ ਭੱਠੀ, ਬਾਪ ਨੂੰ ਯਾਦ ਕਰਨ ਦੀ ਭੱਠੀ। ਪਿਉਰ ਤਾਂ ਜਰੂਰ ਬਣਨਾ ਹੈ। ਯਾਦ ਨਹੀਂ ਕਰੋਗੇ ਤਾਂ ਇੰਨਾ ਪਿਉਰ ਨਹੀਂ ਹੋਵੋਗੇ। ਫਿਰ ਹਿਸਾਬ ਕਿਤਾਬ ਚੁਕਤੂ ਕਰਨਾ ਹੀ ਹੈ ਕਿਉਂਕਿ ਕਿਆਮਤ ਦਾ ਸਮਾਂ ਹੈ। ਸਭ ਨੇ ਘਰ ਜਾਣਾ ਹੈ। ਬੁੱਧੀ ਵਿੱਚ ਘਰ ਦੀ ਯਾਦ ਬੈਠੀ ਹੋਈ ਹੈ। ਹੋਰ ਕਿਸੇ ਦੀ ਵੀ ਬੁੱਧੀ ਵਿੱਚ ਨਹੀਂ ਹੋਵੇਗਾ। ਉਹ ਬ੍ਰਹਮ ਨੂੰ ਈਸ਼ਵਰ ਕਹਿ ਦਿੰਦੇ ਹਨ, ਉਸਨੂੰ ਘਰ ਨਹੀਂ ਸਮਝਦੇ ਹਨ। ਤੁਸੀਂ ਇਸ ਬੇਹੱਦ ਡਰਾਮਾ ਦੇ ਐਕਟਰ ਹੋ, ਡਰਾਮਾ ਨੂੰ ਤਾਂ ਤੁਸੀਂ ਚੰਗੀ ਤਰ੍ਹਾਂ ਜਾਣ ਗਏ ਹੋ। ਬਾਪ ਨੇ ਸਮਝਾਇਆ ਹੈ ਹੁਣ 84 ਦਾ ਚੱਕਰ ਪੂਰਾ ਹੁੰਦਾ ਹੈ, ਹੁਣ ਘਰ ਜਾਣਾ ਹੈ। ਆਤਮਾ ਅਜੇ ਪਤਿਤ ਹੈ, ਇਸਲਈ ਘਰ ਜਾਨ ਲਈ ਪੁਕਾਰਦੀ ਹੈ - ਬਾਬਾ ਆਕੇ ਪਾਵਨ ਬਣਾਓ। ਨਹੀਂ ਤਾਂ ਅਸੀਂ ਜਾ ਨਹੀਂ ਸਕਦੇ ਹਾਂ। ਬਾਪ ਹੀ ਬੈਠ ਇਹ ਗੱਲਾਂ ਬੱਚਿਆਂ ਨੂੰ ਸਮਝਾਉਂਦੇ ਹਨ। ਇਹ ਵੀ ਬੱਚੇ ਸਮਝ ਗਏ ਹਨ, ਇਸਲਈ ਉਨ੍ਹਾਂ ਨੂੰ ਮਾਤ-ਪਿਤਾ ਕਹਿੰਦੇ ਹਨ। ਟੀਚਰ ਵੀ ਕਹਿੰਦੇ ਹਨ। ਮਨੁੱਖ ਤਾਂ ਕ੍ਰਿਸ਼ਨ ਨੂੰ ਟੀਚਰ ਸਮਝਦੇ ਹਨ। ਤੁਸੀਂ ਬੱਚੇ ਸਮਝਦੇ ਹੋ ਕ੍ਰਿਸ਼ਨ ਤਾਂ ਖੁਦ ਪੜ੍ਹਦਾ ਸੀ, ਸਤਿਯੁੱਗ ਵਿੱਚ। ਕ੍ਰਿਸ਼ਨ ਕਦੇ ਕਿਸੇ ਦਾ ਟੀਚਰ ਨਹੀਂ ਬਣਿਆ ਹੈ। ਇਵੇ ਨਹੀਂ - ਪੜ੍ਹਕੇ ਫਿਰ ਟੀਚਰ ਬਣਿਆ। ਕ੍ਰਿਸ਼ਨ ਦੀ ਬਚਪਨ ਤੋਂ ਲੈ ਕੇ ਵੱਡੇਪਨ ਤੱਕ ਦੀ ਕਹਾਣੀ ਤੁਸੀਂ ਬੱਚੇ ਹੀ ਜਾਣਦੇ ਹੋ। ਮਨੁੱਖ ਤਾਂ ਕ੍ਰਿਸ਼ਨ ਨੂੰ ਭਗਵਾਨ ਸਮਝਕੇ ਕਹਿ ਦਿੰਦੇ ਹਨ ਜਿੱਥੇ ਦੇਖੋ ਕ੍ਰਿਸ਼ਨ ਹੀ ਕ੍ਰਿਸ਼ਨ ਹੈ। ਰਾਮ ਦੇ ਭਗਤ ਕਹਿਣਗੇ ਜਿੱਥੇ ਦੇਖੋ ਰਾਮ ਹੀ ਰਾਮ ਹੈ। ਸੂਤ (ਧਾਗਾ) ਹੀ ਮੂੰਝ ਗਿਆ ਹੈ। ਤੁਸੀਂ ਹੁਣ ਜਾਣਦੇ ਹੋ ਭਾਰਤ ਦਾ ਪ੍ਰਾਚੀਨ ਯੋਗ ਅਤੇ ਗਿਆਨ ਮਸ਼ਹੂਰ ਹੈ। ਮਨੁੱਖ ਕੁਝ ਨਹੀਂ ਜਾਣਦੇ। ਗਿਆਨ ਸਾਗਰ ਇੱਕ ਬਾਪ ਹੈ ਉਹ ਤੁਹਾਨੂੰ ਬੱਚਿਆਂ ਨੂੰ ਗਿਆਨ ਦਿੰਦੇ ਹਨ। ਤਾਂ ਤੁਹਾਨੂੰ ਵੀ ਮਾਸਟਰ ਗਿਆਨ ਸਾਗਰ ਕਹਾਂਗੇ। ਪ੍ਰੰਤੂ ਨੰਬਰਵਾਰ ਪੁਰਸ਼ਾਰਥ ਅਨੁਸਾਰ। ਸਾਗਰ ਕਹੋ ਜਾਂ ਨਦੀ ਕਹੋ? ਤੁਸੀਂ ਹੋ ਗਿਆਨ ਗੰਗਾਵਾਂ, ਇਸ ਵਿੱਚ ਵੀ ਮਨੁੱਖ ਮੂੰਝ ਜਾਂਦੇ ਹਨ। ਮਾਸਟਰ ਗਿਆਨ ਸਾਗਰ ਕਹਿਣਾ ਬਿਲਕੁਲ ਠੀਕ ਹੈ।

ਬਾਪ ਬੱਚਿਆਂ ਨੂੰ ਪੜ੍ਹਾਉਂਦੇ ਹਨ, ਮੇਲ ਫੀਮੇਲ ਦੀ ਗੱਲ ਨਹੀਂ ਹੈ। ਵਰਸਾ ਵੀ ਤੁਸੀਂ ਸਭ ਆਤਮਾਵਾਂ ਲੈਂਦੀਆਂ ਹੋ। ਇਸਲਈ ਬਾਪ

ਕਹਿੰਦੇ ਹਨ ਦੇਹੀ ਅਭਿਮਾਨੀ ਬਣੋ। ਜਿਵੇ ਮੈਂ ਪਰਮ ਆਤਮਾ ਗਿਆਨ ਸਾਗਰ ਓਵੇਂ ਤੁਸੀਂ ਵੀ ਗਿਆਨ ਸਾਗਰ ਹੋ। ਮੈਨੂੰ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ, ਮੇਰੀ ਡਿਊਟੀ ਸਭ ਤੋਂ ਉੱਚੀ ਹੈ।

ਰਾਜਾ ਰਾਣੀ ਦੀ ਡਿਊਟੀ ਵੀ ਸਭ ਤੋਂ ਉੱਚੀ ਹੁੰਦੀ ਹੈ ਨਾ। ਤੁਹਾਡੀ ਵੀ ਉੱਚੀ ਰੱਖੀ ਗਈ ਹੈ। ਇਥੇ ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਪੜਦੀਆਂ ਹਾਂ, ਪਰਮਾਤਮਾ ਪੜਾਉਂਦੇ ਹਨ ਇਸਲਈ ਦੇਹੀ-ਅਭਿਮਾਨੀ ਭਵ। ਸਾਰੇ ਬ੍ਰਦਰਜ਼ ਹੋ ਜਾਂਦੇ ਹਨ। ਬਾਪ ਕਿੰਨੀ ਮਿਹਨਤ ਕਰਦੇ ਹਨ। ਅਜੇ ਤੁਸੀਂ ਆਤਮਾਵਾਂ ਗਿਆਨ ਲੈ ਰਹੀਆਂ ਹੋ। ਫਿਰ ਉੱਥੇ ਜਾਣਗੀਆਂ ਤਾਂ ਪ੍ਰਾਲਬੱਧ ਚਲਦੀ ਹੈ। ਉੱਥੇ ਸਭ ਦਾ ਬ੍ਰਦਰਲੀ ਪ੍ਰੇਮ ਰਹਿੰਦਾ ਹੈ। ਬ੍ਰਦਰਲੀ ਪ੍ਰੇਮ ਬੜਾ ਚੰਗਾ ਚਾਹੀਦਾ ਹੈ। ਕਿਸੇ ਨੂੰ ਰਿਗਾਰਡ ਦੇਣਾ, ਕਿਸੇ ਨੂੰ ਨਾ ਦੇਣਾ... ਇਵੇਂ ਨਹੀਂ। ਉਹ ਲੋਕ ਕਹਿੰਦੇ ਹਨ - ਹਿੰਦੂ ਮੁਸਲਮਾਨ ਭਾਈ-ਭਾਈ ਪ੍ਰੰਤੂ ਇਕ ਦੋ ਨੂੰ ਉਹ ਰਿਗਾਰਡ ਦਿੰਦੇ ਨਹੀਂ ਹਨ। ਭੈਣ-ਭਾਈ ਨਹੀਂ, ਭਾਈ-ਭਾਈ ਕਹਿਣਾ ਠੀਕ ਹੈ। ਬ੍ਰਦਰਹੁੱਡ। ਆਤਮਾ ਇੱਥੇ ਪਾਰਟ ਵਜਾਉਣ ਦੇ ਲਈ ਆਈ ਹੈ। ਉੱਥੇ ਵੀ ਭਾਈ-ਭਾਈ ਹੋ ਕੇ ਰਹਿੰਦੀ ਹੈ। ਘਰ ਵਿੱਚ ਜਰੂਰ ਸਭ ਭਾਈ - ਭਾਈ ਹੋਕੇ ਰਹਿਣਗੇ। ਭੈਣ-ਭਾਈ, ਇਹ ਚੋਲਾ ਤਾਂ ਇੱਥੇ ਛੱਡਣਾ ਪੈਂਦਾ ਹੈ। ਭਾਈ-ਭਾਈ ਦਾ ਗਿਆਨ ਬਾਪ ਹੀ ਦਿੰਦੇ ਹਨ। ਆਤਮਾ ਭ੍ਰਿਕੁਟੀ ਦੇ ਵਿੱਚ ਰਹਿੰਦੀ ਹੈ। ਤੁਸੀ ਵੀ ਨਜ਼ਰ ਇੱਥੇ ਪਾਉਣੀ ਹੈ। ਅਸੀਂ ਆਤਮਾਵਾਂ ਇਸ ਸ਼ਰੀਰ ਰੂਪੀ ਤੱਖਤ ਤੇ ਬੈਠੇ ਹਾਂ। ਇਹ ਆਤਮਾ ਦਾ ਸਿੰਘਾਸਨ ਅਤੇ ਅਕਾਲ ਤੱਖਤ ਹੈ। ਆਤਮਾ ਨੂੰ ਕਦੇ ਕਾਲ ਨਹੀਂ ਖਾਂਦਾ ਹੈ। ਸਭ ਦਾ ਤੱਖਤ ਇਹ ਹੈ - ਭ੍ਰਿਕੁਟੀ ਦੇ ਵਿੱਚ। ਇਸ ਤੇ ਇਹ ਅਕਾਲ ਆਤਮਾ ਬੈਠੀ ਹੈ। ਕਿੰਨੀ ਸਮਝਣ ਦੀਆਂ ਗੱਲਾਂ ਹਨ। ਬੱਚੇ ਵਿੱਚ ਵੀ ਆਤਮਾ ਜਾਂਦੀ ਹੈ ਤਾਂ ਭ੍ਰਿਕੁਟੀ ਵਿੱਚ ਬੈਠਦੀ ਹੈ। ਉਹ ਛੋਟਾ ਤੱਖਤ ਫਿਰ ਵੱਡਾ ਹੁੰਦਾ ਜਾਂਦਾ ਹੈ। ਇੱਥੇ ਗਰਭ ਵਿੱਚ ਆਤਮਾ ਨੂੰ ਭੋਗਣਾ ਭੋਗਣੀ ਪੈਂਦੀ ਹੈ ਫਿਰ ਪਸ਼ਚਾਤਾਪ ਕਰਦੇ ਹਨ - ਅਸੀਂ ਕਦੇ ਪਾਪ ਆਤਮਾ ਨਹੀਂ ਬਣਾਂਗੇ। ਅੱਧਾਕਲਪ ਪਾਪ ਆਤਮਾ ਬਣਦੇ ਹਨ, ਹੁਣ ਬਾਪ ਦੁਆਰਾ ਪਾਵਨ ਆਤਮਾ ਬਣਦੇ ਹਨ। ਤੁਸੀਂ ਤਨ-ਮਨ-ਧਨ ਸਭ ਕੁਝ ਬਾਪ ਨੂੰ ਦਿੰਦੇ ਹੋ, ਇੰਨਾ ਦਾਨ ਕੋਈ ਦਿੰਦਾ ਨਹੀਂ ਹੈ। ਦਾਨ ਲੈਣ ਵਾਲਾ ਅਤੇ ਦੇਣ ਵਾਲਾ ਵੀ ਭਾਰਤ ਵਿੱਚ ਹੀ ਆਉਂਦਾ ਹੈ। ਇਹ ਸਭ ਮਹੀਨ ਗੱਲਾਂ ਹਨ ਸਮਝਣ ਦੀਆਂ। ਭਾਰਤ ਕਿੰਨਾ ਅਵਿਨਾਸ਼ੀ ਖੰਡ ਬਣਿਆ ਹੈ ਅਤੇ ਹੋਰ ਸਭ ਖੰਡ ਖਤਮ ਹੋਣ ਵਾਲੇ ਹਨ। ਇਹ ਬਣਾ ਬਣਾਇਆ ਡਰਾਮਾ ਹੈ। ਇਹ ਤੁਹਾਡੀ ਬੁੱਧੀ ਵਿੱਚ ਹੈ। ਦੁਨੀਆਂ ਨਹੀਂ ਜਾਣਦੀ, ਇਸ ਨੂੰ ਨਾਲੇਜ ਕਹਿਣਾ ਚੰਗਾ ਹੈ। ਨਾਲੇਜ ਇਜ਼ ਸੋਰਸ ਆਫ਼ ਇਨਕਮ, ਇਸ ਨਾਲ ਇਨਕਮ ਬੜੀ ਹੁੰਦੀ ਹੈ। ਬਾਪ ਨੂੰ ਯਾਦ ਕਰੋ, ਇਹ ਵੀ ਨਾਲੇਜ ਦਿੰਦੇ ਹਨ ਫਿਰ ਸ੍ਰਿਸ਼ਟੀ ਚੱਕਰ ਦੀ ਵੀ ਨਾਲੇਜ ਦਿੰਦੇ ਹਨ। ਇਸ ਵਿੱਚ ਮਿਹਨਤ ਹੈ। ਸਾਨੂੰ ਆਤਮਾਵਾਂ ਨੂੰ ਹੁਣ ਵਾਪਿਸ ਜਾਣਾ ਹੈ ਇਸਲਈ ਇਸ ਪੁਰਾਣੀ ਦੁਨੀਆਂ ਅਤੇ ਪੁਰਾਣੇ ਸ਼ਰੀਰ ਤੋਂ ਉਪਰਾਮ ਰਹਿਣਾ ਹੈ। ਦੇਹ ਸਹਿਤ ਜੋ ਕੁਝ ਵੀ ਦੇਖਦੇ ਹੋ ਸਭ ਖ਼ਲਾਸ ਹੋ ਜਾਣਾ ਹੈ। ਹੁਣ ਅਸੀਂ ਟਰਾਂਸਫਰ ਹੁੰਦੇ ਹਾਂ। ਇਹ ਤਾਂ ਬਾਪ ਹੀ ਦੱਸ ਸਕਦੇ ਹਨ। ਇਹ ਬਹੁਤ ਵੱਡਾ ਇਮਤਿਹਾਨ ਹੈ, ਜੋ ਬਾਪ ਹੀ ਪੜਾਉਂਦੇ ਹਨ। ਇਸ ਵਿੱਚ ਕਿਤਾਬ ਆਦਿ ਦੀ ਲੋੜ ਨਹੀਂ ਹੈ। ਬਾਪ ਨੂੰ ਯਾਦ ਕਰਨਾ ਹੈ। ਬਾਪ 84 ਦਾ ਚੱਕਰ ਸਮਝਾ ਦਿੰਦੇ ਹਨ। ਡਰਾਮਾ ਦੀ ਡਿਊਰੇਸ਼ਨ ਨੂੰ ਤਾਂ ਕੋਈ ਜਾਣਦੇ ਨਹੀਂ ਹਨ। ਘੋਰ ਹਨੇਰੇ ਵਿੱਚ ਹਨ। ਤੁਸੀਂ ਹੁਣ ਜਾਗੇ ਹੋ, ਮਨੁੱਖ ਤਾਂ ਜਾਗਦੇ ਨਹੀਂ ਹਨ। ਕਿੰਨੀ ਤੁਸੀਂ ਮਿਹਨਤ ਕਰਦੇ ਹੋ, ਵਿਸ਼ਵਾਸ ਨਹੀਂ ਕਰਦੇ ਕਿ ਭਗਵਾਨ ਆਕੇ ਇੰਨਾ ਨੂੰ ਪੜਾਉਂਦੇ ਹਨ। ਜਰੂਰ ਕੋਈ ਵਿੱਚ ਤਾਂ ਆਉਣਗੇ ਨਾ। ਹੁਣ ਬਾਪ ਆਤਮਾਵਾਂ ਨੂੰ ਸੁਝਾਵ ਦਿੰਦੇ ਹਨ - ਇਵੇਂ ਇਵੇਂ ਕਰੋ ਜੋ ਮਨੁੱਖ ਸਮਝ ਜਾਨ। ਤੁਹਾਡੇ ਲਈ ਤਾਂ ਸਹਿਜ ਹੈ, ਨੰਬਰਵਾਰ ਤਾਂ ਹੈ ਹੀ ਹਨ।

ਸਕੂਲ ਵਿੱਚ ਨੰਬਰਵਾਰ ਹੁੰਦੇ ਹਨ। ਪੜਾਈ ਵਿੱਚ ਵੀ ਨੰਬਰਵਾਰ ਹੁੰਦੇ ਹਨ। ਇਸ ਪੜਾਈ ਨਾਲ ਵੱਡੀ ਰਾਜਾਈ ਸਥਾਪਨ ਹੋ ਰਹੀ ਹੈ। ਪੁਰਸ਼ਾਰਥ ਅਜਿਹਾ ਕਰਨਾ ਹੈ ਜੋ ਅਸੀਂ ਰਾਜਾ ਬਣੀਏ। ਇਸ ਵੇਲੇ ਜੋ ਪੁਰਸ਼ਾਰਥ ਕਰਨਗੇ ਉਹ ਕਲਪ-ਕਲਪਾਂਤਰ ਕਰਦੇ ਰਹਿਣਗੇ। ਇਸਨੂੰ ਇਸ਼ਵਰੀਏ ਲਾਟਰੀ ਕਿਹਾ ਜਾਂਦਾ ਹੈ। ਕਿਸੇ ਦੀ ਥੋੜੀ, ਕਿਸੇ ਦੀ ਵੱਡੀ ਲਾਟਰੀ ਹੁੰਦੀ ਹੈ। ਰਾਜਾਈ ਦੀ ਵੀ ਲਾਟਰੀ ਹੈ। ਆਤਮਾ ਜਿਵੇਂ ਕਰਮ ਕਰਦੀ ਹੈ, ਓਵੇਂ ਦੀ ਲਾਟਰੀ ਮਿਲਦੀ ਹੈ। ਕੋਈ ਗਰੀਬ ਬਣਦੇ, ਕੋਈ ਸਾਹੂਕਾਰ ਬਣਦੇ ਹਨ। ਇਸ ਵੇਲੇ ਤੁਹਾਨੂੰ ਸਾਰੀ ਲਾਟਰੀ ਬਾਪ ਤੋਂ ਮਿਲਦੀ ਹੈ। ਇਸ ਵੇਲੇ ਦੇ ਪੁਰਸ਼ਾਰਥ ਤੇ ਬੜਾ ਮਦਾਰ ਹੈ। ਨੰਬਰਵਨ ਪੁਰਸ਼ਾਰਥ ਹੈ ਯਾਦ ਦਾ। ਤਾਂ ਪਹਿਲਾਂ ਯੋਗਬੱਲ ਨਾਲ ਸਵੱਛ ਤਾਂ ਬਣੋ। ਤੁਸੀਂ ਜਾਣਦੇ ਹੋ ਜਿਨ੍ਹਾਂ ਅਸੀਂ ਬਾਪ ਨੂੰ ਯਾਦ ਕਰਾਂਗੇ ਓਨੀ ਹੀ ਨਾਲੇਜ ਦੀ ਧਾਰਨਾ ਹੋਵੇਗੀ ਅਤੇ ਬਹੁਤਿਆਂ ਨੂੰ ਸਮਝਾ ਕੇ ਆਪਣੀ ਪ੍ਰਜਾ ਬਣਾਵਾਂਗੇ। ਭਾਵੇ ਕੋਈ ਵੀ ਧਰਮ ਵਾਲਾ ਹੋਵੇ, ਜਦੋਂ ਆਪਸ ਵਿੱਚ ਮਿਲਦੇ ਹੋ ਤਾਂ ਬਾਪ ਦਾ ਪਰਿਚੈ ਦਵੋ। ਅੱਗੇ ਚੱਲ ਉਹ ਦੇਖਣਗੇ ਕਿ ਵਿਨਾਸ਼ ਸਾਮਣੇ ਖੜਾ ਹੈ। ਵਿਨਾਸ਼ ਦੇ ਸਮੇਂ ਵਿੱਚ ਮਨੁੱਖਾਂ ਦੇ ਵਿੱਚ ਵੈਰਾਗ ਆਉਂਦਾ ਹੈ। ਸਾਨੂੰ ਸਿਰਫ਼ ਕਹਿਣਾ ਹੈ - ਤੁਸੀਂ ਆਤਮਾ ਹੋ। ਹੇ ਗਾਡ ਫਾਦਰ! ਕਿਸ ਨੇ ਕਿਹਾ? ਆਤਮਾ ਨੇ। ਹੁਣ ਬਾਪ ਆਤਮਾਵਾਂ ਨੂੰ ਕਹਿੰਦੇ ਹਨ ਕਿ ਮੈਂ ਤੁਹਾਡਾ ਗਾਈਡ ਬਣ ਕੇ ਤੁਹਾਨੂੰ ਲੈ ਜਾਵਾਂਗਾ, ਮੁਕਤੀਧਾਮ ਵਿੱਚ। ਬਾਕੀ ਆਤਮਾ ਦਾ ਵਿਨਾਸ਼ ਕਦੇ ਨਹੀਂ ਹੁੰਦਾ ਤਾਂ ਮੋਕਸ਼ ਦਾ ਵੀ ਕਵੇਸ਼ਨ(ਪ੍ਰਸ਼ਨ) ਨਹੀਂ ਹੈ। ਹਰ ਇੱਕ ਨੂੰ ਆਪਣਾ-ਆਪਣਾ ਪਾਰਟ ਵਜਾਉਣਾ ਹੈ। ਆਤਮਾਵਾਂ ਸਭ ਹਨ ਇਮੋਰਟਲ(ਅਮਰ), ਕਦੇ ਵੀ ਵਿਨਾਸ਼ ਨਹੀਂ ਹੋਣਗੀਆਂ। ਬਾਕੀ ਉੱਥੇ ਜਾਣ ਦੇ ਲਈ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਘਰ ਚਲੇ ਜਾਵਾਂਗੇ। ਆਖੀਰ ਵੱਡੇ - ਵੱਡੇ ਸੰਨਿਆਸੀ ਵੀ ਸਮਝਣਗੇ, ਵਾਪਿਸ ਤਾਂ ਸਭ ਨੂੰ ਜਾਣਾ ਹੈ। ਤੁਹਾਡਾ ਪੈਗਾਮ ਸਭ ਦੀ ਬੁੱਧੀ ਨੂੰ ਠਕਾ ਕਰੇਗਾ ਇਸਲਈ ਗਾਇਨ ਹੈ - ਅਹੋ ਪ੍ਰਭੂ.. .ਤੁਹਾਡੀ ਗੱਤ ਮੱਤ, ਤਾਂ ਜਰੂਰ ਕਿਸੇ ਨੂੰ ਮੱਤ ਦੇਣਗੇ ਜਾਂ ਆਪਣੇ ਕੋਲ ਰੱਖਣਗੇ? ਉਨ੍ਹਾਂ ਦੀ ਮੱਤ ਨਾਲ ਸਦਗਤੀ ਕਿਵੇਂ ਹੁੰਦੀ ਹੈ, ਉਹ ਤਾਂ ਜਰੂਰ ਦੱਸਣਗੇ ਨਾ। ਫਿਰ ਉਹ ਕਹਿੰਦੇ ਹਨ ਤੁਹਾਡੀ ਗਤ ਮਤ ਤੁਸੀਂ ਜਾਣੋ, ਅਸੀਂ ਨਹੀਂ ਜਾਣਦੇ ਹਾਂ। ਇਹ ਵੀ ਕੋਈ ਗੱਲ ਹੈ! ਬਾਪ ਕਹਿੰਦੇ ਹਨ ਇਸ ਸ਼੍ਰੀਮਤ ਨਾਲ ਤੁਹਾਡੀ ਗਤੀ ਹੋ ਜਾਂਦੀ ਹੈ।

ਹੁਣ ਤੁਸੀਂ ਜਾਣਦੇ ਹੋ ਬਾਬਾ ਜੋ ਜਾਣਦੇ ਹਨ ਉਹ ਸਾਨੂੰ ਸਿਖਾਉਂਦੇ ਹਨ। ਤੁਸੀਂ ਕਹੋਗੇ ਅਸੀਂ ਬਾਬਾ ਨੂੰ ਜਾਣਦੇ ਹਾਂ। ਉਹ ਗਾਉਂਦੇ ਹਨ ਤੁਹਾਡੀ ਗਤ ਮਤ ਤੁਸੀਂ ਹੀ ਜਾਣੋ। ਪਰ ਤੁਸੀਂ ਇਵੇ ਨਹੀਂ ਕਹੋਗੇ। ਬੁੱਧੀ ਵਿੱਚ ਸਾਰਾ ਗਿਆਨ ਬੈਠ ਜਾਵੇ, ਇਸ ਵਿੱਚ ਟਾਈਮ ਲੱਗਦਾ ਹੈ। ਸੰਪੂਰਨ ਤਾਂ ਅਜੇ ਕੋਈ ਬਣਿਆ ਨਹੀਂ ਹੈ। ਸੰਪੂਰਨ ਬਣ ਜਾਨ ਤਾਂ ਇਥੋਂ ਚਲੇ ਜਾਣ। ਜਾਣਾ ਤਾਂ ਹੈ ਨਹੀਂ। ਹੁਣ ਸਭ ਪੁਰਸ਼ਾਰਥ ਕਰ ਰਹੇ ਹਨ। ਬਾਬਾ ਨੂੰ ਭਾਵੇਂ ਪਹਿਲਾਂ ਜਰੂਰ ਜ਼ੋਰ ਨਾਲ ਵੈਰਾਗ ਆਇਆ, ਦੇਖਿਆ ਡਬਲ ਸਿਰਤਾਜ ਬਣਦਾ ਹਾਂ - ਇਹ ਵੀ ਡਰਾਮਾ ਅਨੁਸਾਰ ਬਾਬਾ ਨੇ ਦਿਖਾਇਆ। ਮੈਂ ਤਾਂ ਝੱਟ ਖੁਸ਼ ਹੋ ਗਿਆ। ਖੁਸ਼ੀ ਦੇ ਮਾਰੇ ਸਭ ਕੁਝ ਛੱਡ ਦਿੱਤਾ। ਵਿਨਾਸ਼ ਵੀ ਦੇਖਿਆ ਤੇ ਚੱਤੁਰਭੁੱਜ ਵੀ ਦੇਖਿਆ। ਸਮਝਿਆ ਅਜੇ ਰਾਜਾਈ ਮਿਲਦੀ ਹੈ। ਥੋੜ੍ਹੇ ਰੋਜ ਵਿੱਚ ਵਿਨਾਸ਼ ਹੋ ਜਾਵੇਗਾ। ਇਵੇਂ ਦਾ ਨਸ਼ਾ ਚੜ੍ਹ ਗਿਆ। ਹੁਣ ਤਾਂ ਸਮਝਦੇ ਹਾਂ ਇਹ ਤਾਂ ਠੀਕ ਹੈ, ਰਾਜਧਾਨੀ ਬਣੇਗੀ। ਇਹ ਬਹੁਤਿਆਂ ਨੂੰ ਰਾਜਾਈ ਮਿਲਣੀ ਹੈ। ਇਕ ਅਸੀਂ ਜਾ ਕੇ ਕੀ ਕਰਾਂਗੇ। ਇਹ ਗਿਆਨ ਹੁਣ ਮਿਲਦਾ ਹੈ। ਪਹਿਲਾਂ ਖੁਸ਼ੀ ਦਾ ਪਾਰਾ ਚੜ੍ਹ ਗਿਆ। ਪੁਰਸ਼ਾਰਥ ਤਾਂ ਸਭ ਨੂੰ ਕਰਨਾ ਹੈ। ਤੁਸੀਂ ਪੁਰਸ਼ਾਰਥ ਲਈ ਬੈਠੇ ਹੋ। ਸਵੇਰੇ ਯਾਦ ਵਿੱਚ ਬੈਠਦੇ ਹੋ। ਇਹ ਬੈਠਣਾ ਵੀ ਚੰਗਾ ਹੈ। ਜਾਣਦੇ ਹੋ ਬਾਬਾ ਆਇਆ ਹੈ। ਬਾਪ ਆਇਆ ਜਾਂ ਦਾਦਾ ਆਇਆ, ਇਹ ਤਾਂ ਗੁੜ ਜਾਣੇ ਗੁੜ ਦੀ ਗੋਥਰੀ ਜਾਣੇ। ਇੱਕ-ਇੱਕ ਬੱਚੇ ਨੂੰ ਦੇਖਦੇ ਰਹਿਣਗੇ। ਇੱਕ-ਇੱਕ ਨੂੰ ਬੈਠ ਸਾਕਾਸ਼ ਦਿੰਦੇ ਹਨ। ਯੋਗ ਦੀ ਅੱਗ ਹੈ ਨਾ। ਯੋਗ ਦੀ ਅੱਗ ਦੇ ਨਾਲ ਉਨ੍ਹਾਂ ਦੇ ਵਿਕਰਮ ਵਿਨਾਸ਼ ਹੋ ਜਾਣਗੇ। ਜਿਵੇਂ ਕਿ ਬੈਠ ਕੇ ਲਾਈਟ ਦਿੰਦੇ ਹਨ। ਇੱਕ-ਇੱਕ ਆਤਮਾ ਨੂੰ ਸਰਚ ਲਾਈਟ ਦਿੰਦੇ ਹਨ। ਜਿਵੇਂ ਬਾਪ ਕਹਿੰਦੇ ਹਨ ਮੈਂ ਹਰ ਇਕ ਆਤਮਾ ਨੂੰ ਬੈਠ ਕਰੰਟ ਦਿੰਦਾ ਹਾਂ ਤਾਂ ਜੋ ਤਾਕਤ ਭਰ ਜਾਵੇ। ਜੇਕਰ ਕਿਸੇ ਦੀ ਬੁੱਧੀ ਬਾਹਰ ਹੋਵੇਗੀ ਤਾਂ ਫਿਰ ਕਰੰਟ ਨੂੰ ਕੈਚ ਨਹੀਂ ਕਰ ਸਕਣਗੇ। ਬੁੱਧੀ ਕਿਤੇ ਨਾ ਕਿਤੇ ਭਟਕਦੀ ਰਹਿੰਦੀ ਹੈ। ਉਨ੍ਹਾਂ ਨੂੰ ਫਿਰ ਕੀ ਮਿਲੇਗਾ? ਕਹਿੰਦੇ ਹਨ ਮਿੱਠੜਾ ਘੁਰ ਤੇ ਘੁਰਾਯ, ਤੁਸੀਂ ਪਿਆਰ ਕਰੋਗੇ ਤਾਂ ਪਿਆਰ ਪਾਵੋਗੇ। ਬੁੱਧੀ ਬਾਹਰ ਭੱਟਕਦੀ ਰਹੇਗੀ ਤਾਂ ਬੈਟਰੀ ਚਾਰਜ਼ ਨਹੀਂ ਹੋਵੇਗੀ। ਬਾਪ ਬੈਟਰੀ ਚਾਰਜ਼ ਕਰਨ ਆਉਂਦਾ ਹੈ, ਉਨ੍ਹਾਂ ਦਾ ਫਰਜ਼ ਹੈ ਸਰਵਿਸ ਕਰਨਾ। ਬੱਚੇ ਸਰਵਿਸ ਸਵੀਕਾਰ ਕਰਦੇ ਹਨ ਜਾਂ ਨਹੀਂ ਇਹ ਤਾਂ ਉਨ੍ਹਾਂ ਦੀ ਆਤਮਾ ਜਾਣੇ। ਕਿਹੜੇ ਖਿਆਲ ਵਿੱਚ ਬੈਠੇ ਹੋ, ਇਹ ਸਭ ਗੱਲਾਂ ਬਾਪ ਸਮਝਾਉਂਦੇ ਹਨ। ਮੈਂ ਵੀ ਪਰਮਾਤਮਾ ਹਾਂ। ਮੁਝ ਬੈਟਰੀ ਨਾਲ ਯੋਗ ਲਗਾਉਂਦੇ ਹੋ। ਮੈਂ ਵੀ ਸਕਾਸ਼ ਦਵਾਂਗਾ। ਬਹੁਤ ਪਿਆਰ ਨਾਲ ਇੱਕ -ਇੱਕ ਨੂੰ ਸਕਾਸ਼ ਦਿੰਦਾ ਹਾਂ। ਤੁਸੀਂ ਤਾਂ ਬੈਠੋਗੇ ਬਾਪ ਨੂੰ ਯਾਦ ਕਰਨ। ਬਾਬਾ ਕਹਿੰਦੇ ਹਨ ਮੈਂ ਇੱਕ -ਇੱਕ ਆਤਮਾ ਨੂੰ ਸਾਕਸ਼ ਦਿੰਦਾ ਹਾਂ। ਸਾਮਣੇ ਬੈਠ ਲਾਈਟ ਦਿੰਦਾ ਹਾਂ। ਤੁਸੀਂ ਤਾਂ ਇਵੇ ਨਹੀਂ ਕਰੋਗੇ। ਜਿਹੜੇ ਫੜਨ ਵਾਲੇ ਹੋਣਗੇ ਉਹ ਫੜਨਗੇ ਅਤੇ ਉਨ੍ਹਾਂ ਦੀ ਬੈਟਰੀ ਚਾਰਜ਼ ਹੋਵੇਗੀ। ਬਾਬਾ ਦਿਨ ਪ੍ਰਤੀਦਿਨ ਯੁਕਤੀਆਂ ਤਾਂ ਦੱਸਦੇ ਰਹਿੰਦੇ ਹਨ। ਬਾਕੀ ਸਮਝਿਆ, ਨਾ ਸਮਝਿਆ - ਇਹ ਤਾਂ ਨੰਬਰਵਾਰ ਸਟੂਡੈਂਟ ਤੇ ਮਦਾਰ ਹੈ। ਤੁਹਾਨੂੰ ਬੜਾ ਤਰਾਵਟੀ ਮਾਲ ਮਿਲ ਰਿਹਾ ਹੈ। ਕੋਈ ਹਜ਼ਮ ਵੀ ਕਰੇ ਨਾ। ਵੱਡੀ ਲਾਟਰੀ ਹੈ। ਜਨਮ-ਜਨਮਾਂਤਰ, ਕਲਪ-ਕਲਪਾਂਤਰ ਦੀ ਲਾਟਰੀ ਹੈ। ਇਸ ਤੇ ਪੂਰਾ ਅਟੈਂਸ਼ਨ ਦੇਣਾ ਹੈ। ਬਾਬਾ ਤੋਂ ਅਸੀਂ ਕਰੰਟ ਲੈ ਰਹੇ ਹਾਂ। ਬਾਪ ਵੀ ਭ੍ਰਿਕੁਟੀ ਵਿੱਚ ਬੈਠਿਆ ਹੈ, ਬਾਜੂ ਵਿੱਚ। ਤੁਹਾਨੂੰ ਵੀ ਆਪਣੇ ਨੂੰ ਆਤਮਾ ਸਮਝ ਬਾਬਾ ਨੂੰ ਯਾਦ ਕਰਨਾ ਹੈ, ਨਾ ਕੀ ਬ੍ਰਹਮਾ ਨੂੰ। ਅਸੀਂ ਉਸ ਨਾਲ ਯੋਗ ਲਗਾ ਕੇ ਬੈਠੇ ਹਾਂ, ਇਸਨੂੰ ਦੇਖਦੇ ਵੀ ਅਸੀਂ ਉਸ ਨੂੰ ਦੇਖਦੇ ਹਾਂ। ਆਤਮਾ ਦੀ ਹੀ ਗੱਲ ਹੈ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਤਮਾ ਨੂੰ ਸਵੱਛ ਬਣਾਉਣ ਦੇ ਲਈ ਸਵੇਰੇ-ਸਵੇਰੇ ਬਾਪ ਤੋਂ ਸਰਚ ਲਾਈਟ ਲੈਣੀ ਹੈ, ਬੁੱਧੀਯੋਗ ਬਾਹਰ ਤੋਂ ਕੱਢ ਇਕ ਬਾਪ ਨਾਲ ਲਗਾਉਣਾ ਹੈ। ਬਾਪ ਦੀ ਕਰੰਟ ਨੂੰ ਕੈਚ ਕਰਨਾ ਹੈ।

2. ਆਪਸ ਵਿੱਚ ਭਾਈ-ਭਾਈ ਦੇ ਸੱਚੇ ਲਵ (ਪਿਆਰ) ਨਾਲ ਰਹਿਣਾ ਹੈ। ਸਭ ਨੂੰ ਰਿਗਾਰਡ ਦੇਣਾ ਹੈ। ਆਤਮਾ ਭਾਈ ਅਕਾਲ ਤੱਖਤ ਤੇ ਵਿਰਾਜਮਾਨ ਹੈ, ਇਸਲਈ ਭ੍ਰਿਕੁਟੀ ਵਿੱਚ ਦੇਖ ਕੇ ਹੀ ਗੱਲ ਕਰਨੀ ਹੈ।

ਵਰਦਾਨ:- ਆਪਣੇ ਸੰਪਰਕ ਦਵਾਰਾ ਅਨੇਕ ਆਤਮਾਵਾਂ ਦੀ ਚਿੰਤਾਵਾਂ ਨੂੰ ਮਿਟਾਉਣ ਵਾਲੇ ਸਰਵ ਪ੍ਰਿਯ ਭਵ

ਵਰਤਮਾਨ ਸਮੇਂ ਵਿਅਕਤੀਆਂ ਵਿੱਚ ਸਵਾਰਥ ਭਾਵ ਹੋਣ ਦੇ ਕਾਰਣ ਅਤੇ ਵੈਭਵਾਂ ਦਵਾਰਾ ਅਲਪਕਾਲ ਦੀ ਪ੍ਰਾਪਤੀ ਹੋਣ ਦੇ ਕਾਰਣ ਆਤਮਾਵਾਂ ਕਿਸੇ ਨਾ ਕਿਸੇ ਚਿੰਤਾ ਵਿੱਚ ਪ੍ਰੇਸ਼ਾਨ ਹਨ। ਤੁਸੀਂ ਸੁਭਚਿੰਤਕ ਆਤਮਾਵਾਂ ਦਾ ਥੋੜ੍ਹੇ ਸਮੇਂ ਦਾ ਸੰਪਰਕ ਵੀ ਉਹਨਾਂ ਆਤਮਾਵਾਂ ਦੀਆਂ ਚਿੰਤਾਵਾਂ ਨੂੰ ਮਿਟਾਉਣ ਦਾ ਆਧਾਰ ਬਣ ਜਾਂਦਾ ਹੈ। ਅੱਜ ਵਿਸ਼ਵ ਨੂੰ ਤੁਹਾਡੇ ਵਰਗੀਆਂ ਸੁਭਚਿੰਤਕ ਆਤਮਾਵਾਂ ਦੀ ਜਰੂਰਤ ਹੈ ਇਸਲਈ ਤੁਸੀਂ ਵਿਸ਼ਵ ਨੂੰ ਅਤਿਪ੍ਰਿਯ ਹੋ।

ਸਲੋਗਨ:- ਤੁਸੀਂ ਹੀਰੇ ਵਰਗੀਆਂ ਆਤਮਾਵਾਂ ਦੇ ਬੋਲ ਵੀ ਰਤਨ ਸਮਾਨ ਕੀਮਤੀ ਹਨ।

******